CS (MAIN) EXAM, 2011

**Serial No.** | **F-DTN-L-SAD-P**

# PUNJABI

**(Compulsory)**

*Time Allowed : Three Hours* | *Maximum Marks : 300*

## INSTRUCTIONS

*Candidates should attempt **ALL** questions.*
*The number of marks carried by each question is indicated at the end of the question.*
*Answers must be written in **Punjabi** (Gurmukhi Script) unless otherwise directed.*
*In the case of Question No. 3, marks will be deducted if the précis is beyond a reasonable range from the prescribed word-limit. The précis must be attempted **only** on the précis sheet(s) provided in this question paper. The précis sheets are to be carefully detached from the question paper and attached securely to the answer book by the candidate.*

1. ਹੇਠ ਲਿਖਤ ਵਿਸ਼ਿਆਂ ਵਿਚੋਂ ਕਿਸੇ ਇਕ ਵਿਸ਼ੇ ਉੱਤੇ ਲਗਭਗ 300 ਸ਼ਬਦਾਂ ਦਾ ਨਿਬੰਧ ਲਿਖੋ :— 100

   (ੳ) ਰਾਜਨੀਤੀ ਅਤੇ ਨੈਤਿਕਤਾ ਦਾ ਪ੍ਰਸ਼ਨ।

   (ਅ) ਸਮਾਜਕ ਤਰੱਕੀ ਦਾ ਮੁਖ ਪ੍ਰੇਰਕ ਕੌਣ : ਧਰਮ ਜਾਂ ਵਿਗਿਆਨ ?



(Contd.)

(ੲ) ਸਭ ਲਈ ਭੋਜਨ : ਸਾਡੀ ਲੋਕਤਾਂਤ੍ਰਿਕ ਪ੍ਰਣਾਲੀ ਦੇ ਲਈ ਵੱਡੀ ਚੁਣੌਤੀ।

(ਸ) ਰਫ਼ਤਾਰ ਵਾਲੀ ਸੰਸਕ੍ਰਿਤੀ, ਜਲਦਬਾਜ਼ੀ ਅਤੇ ਅਪਰਾਧ ਪ੍ਰਵਿਰਤੀ ਨੂੰ ਜਨਮ ਦੇਂਦੀ ਹੈ।

(ਹ) ਬਣਾਉਟੀ ਗਿਆਨ, ਮਨੁੱਖੀ-ਗਿਆਨ ਦੇ ਬਦਲ ਦੇ ਰੂਪ ਵਿੱਚ।

2. ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਦੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਆਪਣੇ ਸ਼ਬਦਾਂ ਵਿਚ ਲਿਖੋ। ਉੱਤਰ ਸਪਸ਼ਟ, ਠੀਕ ਅਤੇ ਸੰਖੇਪ ਹੋਣੇ ਚਾਹੀਦੇ ਹਨ :— 10×6=60

"ਅਸੀਂ ਉਦਯੋਗੀਕਰਨ ਦੇ ਇਕ ਤੇਜ਼ ਦੌਰ 'ਚੋਂ ਦੀ ਗੁਜ਼ਰ ਰਹੇ ਹਾਂ ਅਤੇ ਅਸੀਂ ਆਪਣੇ ਉਦਯੋਗਾਂ ਵਿੱਚ, ਇਕ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਨੌਕਰੀਆਂ ਦੇ ਰਹੇ ਹਾਂ। ਭਾਰਤ ਵਿੱਚ, ਖ਼ਾਸ ਕਰਕੇ, ਇੰਝ ਪ੍ਰਤੀਤ ਹੋ ਰਿਹਾ ਹੈ ਕਿ ਜਿਸ ਕੰਮ ਨੂੰ ਤੁਸੀਂ ਕਰਨਾ ਚਾਹੁੰਦੇ ਹੋ ਉਸ ਬਾਬਤ ਤੁਸੀਂ ਕਿਤਨਾ ਕੁਝ ਜਾਣਦੇ ਹੋ, ਇਸ ਗੱਲ ਦਾ ਕੋਈ ਮਹੱਤਵ ਨਹੀਂ। ਅਸਲ ਮਹੱਤਵਪੂਰਨ ਗੱਲ ਇਹ ਹੈ ਕਿ ਤੁਸੀਂ ਕਿਸ ਨੂੰ ਜਾਣਦੇ ਹੋ ਤਾਂ ਜੋ ਨੌਕਰੀ ਹਾਸਿਲ ਕਰਨ ਲਈ ਉਸ ਦੇ ਪ੍ਰਭਾਵ ਨੂੰ ਵਰਤਿਆ ਜਾ ਸਕੇ। ਲੋਕ ਇਹ ਨਹੀਂ ਸੋਚਦੇ ਕਿ ਚੰਗੇ ਨਤੀਜਿਆਂ ਲਈ ਯੋਗਤਾ ਲਾਜ਼ਮੀ ਹੈ। ਸਾਡੀ ਸਿਖਿਆ-ਪ੍ਰਣਾਲੀ ਵਿੱਚ ਉਤਮਤਾ ਦੀ ਵਾਹੀ (cultivation of excellance) ਨੂੰ ਵਿਸ਼ੇਸ਼ ਮਹੱਤਵ ਹਾਸਿਲ ਹੈ। ਜਦੋਂ ਉਤਮਤਾ ਦੀ ਵਾਹੀ ਨੂੰ ਲੋੜੀਂਦਾ ਮਹੱਤਵ ਨਹੀਂ ਦਿੱਤਾ ਜਾਂਦਾ ਤਾਂ ਇਸ ਨਾਲ ਯੋਗਤਾ ਦਾ ਅਪਮਾਨ ਹੁੰਦਾ ਹੈ। ਇਸ ਨਾਲ ਇਕ ਤਰਫ਼ ਸਾਡੀ ਸਿਖਿਆ-ਪ੍ਰਣਾਲੀ ਵਿੱਚ ਵਿਗਾੜ ਪੈਦਾ ਹੁੰਦਾ ਹੈ ਅਤੇ ਦੂਸਰੀ ਤਰਫ਼, ਸਮਾਜਕ-ਸਿਖਿਆ ਦੇ ਅੰਦੋਲਨ ਆਰੰਭ ਕਰਨ ਦੀ ਇੱਛਾ ਦਾ ਗਲਾ ਘੁਟ ਜਾਂਦਾ ਹੈ।



(Contd.)

ਜਦੋਂ ਕਿਸੇ ਪੁੱਲ਼ ਦਾ ਨਿਰਮਾਣ ਕੀਤਾ ਜਾਂਦਾ ਹੈ ਜਾਂ ਸੜਕ ਬਣਾਈ ਜਾਂਦੀ ਹੈ ਤਾਂ ਰੇਤ, ਸੀਮੇਂਟ, ਚੂਨੇ ਆਦਿ ਦੇ ਸਹੀ ਮਿਸ਼ਰਣ ਲਈ, ਇਕ ਨਿਸ਼ਚਿਤ ਅਨੁਪਾਤ ਦਾ ਅਨੁਸਰਣ ਕੀਤਾ ਜਾਂਦਾ ਹੈ ਤਾਂ ਕਿ ਸੰਬੰਧਤ ਪੁੱਲ਼ ਤੇ ਸੜਕ ਦਾ ਨਿਰਮਾਣ ਠੀਕ ਤਰ੍ਹਾਂ ਹੋ ਸਕੇ ਅਤੇ ਉਹ ਲੰਬੇ ਸਮੇਂ ਤੱਕ ਕਾਇਮ ਰਹਿਣ। ਪਰ, ਸਾਡਾ ਤਜਰਬਾ, ਇਸ ਸੰਬੰਧ ਵਿੱਚ ਘੋਰ ਨਿਘਾਰ ਦੀ ਕਹਾਣੀ ਸੁਣਾਉਂਦਾ ਹੈ ਅਤੇ ਸਾਨੂੰ ਪਤਾ ਚਲਦਾ ਹੈ ਕਿ ਕਿਸੇ ਪੁੱਲ਼ ਵਿੱਚ ਦਰਾਰਾਂ ਆ ਗਈਆਂ ਹਨ ਜਾਂ ਕੋਈ ਸੜਕ ਮੀਂਹ ਕਾਰਨ ਨਸ਼ਟ ਹੋ ਗਈ ਹੈ।

ਇਹ ਵਿਸ਼ਾ, ਗੁਣਾਂ ਦੇ ਨਿਯੰਤਰਣ ਨਾਲ ਜੁੜਿਆ ਹੋਇਆ ਹੈ। ਜਿਸਦਾ ਸੰਬੰਧ, ਸਿਰਫ਼ ਭੌਤਿਕ ਸਾਮੱਗਰੀ ਨਾਲ ਹੀ ਨਹੀਂ, ਸਗੋਂ ਮਨੁੱਖਾਂ ਨਾਲ ਵੀ ਹੈ ਅਤੇ ਉਨ੍ਹਾਂ ਅੰਦਰਲੀ ਜ਼ੁੰਮੇਵਾਰੀ ਦੀ ਸੂਝ ਬੂਝ ਵੀ ਹੈ।

ਬਦਕਿਸਮਤੀ ਨਾਲ ਸਾਡੀ ਲੋਕਤੰਤਰ ਪ੍ਰਣਾਲੀ, ਕੁਝ ਅਜਿਹੀਆਂ ਪ੍ਰਸਥਿਤੀਆਂ ਨੂੰ ਜਨਮ ਦੇ ਜਾਂਦੀ ਹੈ ਜਿਥੇ ਯੋਗਤਾ ਨੂੰ ਇਕ ਖ਼ਾਸ ਵਿਵੱਸਥਾ ਦੇ ਤਹਿਤ ਨਜ਼ਰ-ਅੰਦਾਜ ਕੀਤਾ ਜਾਂਦਾ ਹੈ ਅਤੇ ਲੋਕਾਂ ਕੋਲੋਂ ਇਹ ਕਹਿੰਦੇ ਸੁਣਿਆ ਜਾਂਦਾ ਹੈ ਕਿ ਇਸ ਦੇਸ਼ ਵਿੱਚ ਯੋਗਤਾ ਦਾ ਕੋਈ ਮਹੱਤਵ ਨਹੀਂ। ਇਸ ਗੱਲ ਨਾਲ ਇਹ ਭਾਵਨਾ ਉਤਪੰਨ ਹੁੰਦੀ ਹੈ ਕਿ ਇਥੇ ਯੋਗਤਾ, ਲਿਆਕਤ ਤੇ ਨੈਤਿਕ ਉੱਚਤਾ ਨੂੰ ਮਹੱਤਵ ਦਿੱਤੇ ਬਿਨਾਂ ਵੀ ਲੋਕ-ਸੇਵਾ ਦੀ ਪੱਦਵੀ ਹਾਸਿਲ ਕੀਤੀ ਜਾ ਸਕਦੀ ਹੈ ਅਤੇ ਲੋਕ-ਕਾਰਜ ਕੀਤਾ ਜਾ ਸਕਦਾ ਹੈ।"

ਪ੍ਰਸ਼ਨ :

(1) ਇਸ ਦੇਸ਼ ਵਿੱਚ ਲੋਕ ਚੰਗੀ ਨੌਕਰੀ ਪਾਉਣ ਸੰਬੰਧੀ ਕਿਵੇਂ ਸੋਚਦੇ ਹਨ ?

(2) ਅਸੀਂ ਯੋਗਤਾ ਪ੍ਰਤਿ ਸਤਕਾਰ ਕਦੋਂ ਗੁਆ ਲੈਂਦੇ ਹਾਂ ?

(3) ਯੋਗਤਾ ਪ੍ਰਤਿ ਸਤਕਾਰ ਖੋਹਣ ਦੇ ਮੰਦੇ ਪ੍ਰਣਾਮ ਕੀ ਨਿਕਲਦੇ ਹਨ ?

(4) ਜਦੋਂ ਅਸੀਂ ਦੂਸਰੇ ਲੋਕਾਂ ਦੀ ਜ਼ੁੰਮੇਵਾਰੀ ਦੀ ਭਾਵਨਾ ਦਾ ਸਤਕਾਰ ਨਹੀਂ ਕਰਦੇ ਤਾਂ ਕੀ ਹੁੰਦਾ ਹੈ ?

(5) ਯੋਗਤਾ, ਲਿਆਕਤ ਤੇ ਨੈਤਿਕ ਉੱਚਤਾ ਨੂੰ ਨਜ਼ਰ-ਅੰਦਾਜ਼ ਕਰਨ ਦੇ ਕੀ ਕਾਰਨ ਹਨ ?

(6) ਇਸ ਪੈਰ੍ਹੇ ਵਿੱਚ ਰੇਖਾਂਕਿਤ ਵਾਕਾਂਸ਼ਾਂ ਦੇ ਅਰਥ ਆਪਣੀ ਭਾਸ਼ਾ ਵਿੱਚ ਸਮਝਾਉ।

3. ਹੇਠ ਲਿਖੇ ਪੈਰ੍ਹੇ ਦਾ ਸੰਖੇਪ-ਸਾਰ 190 ਤੋਂ 210 ਸ਼ਬਦਾਂ ਵਿਚ ਪੇਸ਼ ਕਰੋ। ਇਸ ਲਈ ਦਿੱਤੇ ਗਏ ਵਿਸ਼ੇਸ਼ ਪੰਨਿਆਂ ਦੀ ਵਰਤੋਂ ਕਰੋ। ਜੇਕਰ ਸ਼ਬਦ-ਸੀਮਾ ਦਾ ਉਲੰਘਣ, ਸਵੀਕ੍ਰਿਤ ਸੀਮਾ ਤੋਂ ਵਧੇਰੇ ਹੋਵੇਗਾ ਤਾਂ ਉਸੇ ਅਨੁਪਾਤ ਨਾਲ ਅੰਕਾਂ ਵਿੱਚ ਕਟੌਤੀ ਕੀਤੀ ਜਾਵੇਗੀ। ਜੇਕਰ ਸੰਖੇਪ-ਸਾਰ 150 ਤੋਂ ਘੱਟ ਜਾਂ 250 ਸ਼ਬਦਾਂ ਤੋਂ ਵਧੇਰੇ ਲੰਬਾ ਹੋਵੇਗਾ ਤਾਂ ਉਸ ਲਈ ਕੋਈ ਨੰਬਰ ਨਹੀਂ ਦਿੱਤੇ ਜਾਣਗੇ :— 60

"ਮੈਂ ਉਸ ਵਕਤ ਸੱਤ ਕੁ ਵਰ੍ਹਿਆਂ ਦਾ ਹੋਵਾਂਗਾ ਜਦੋਂ ਮੇਰੇ ਪਿਤਾ ਜੀ ਨੇ, ਰਾਜਸਥਾਨਿਕ ਅਦਾਲਤ ਦਾ ਮੈਂਬਰ ਬਣਨ ਦੇ ਲਈ, ਪੋਰਬੰਦਰ ਛੱਡਿਆ ਅਤੇ ਰਾਜਕੋਟ ਆ ਗਏ। ਉਥੇ ਮੈਨੂੰ ਇਕ ਪ੍ਰਾਥਮਿਕ ਸਕੂਲ ਵਿੱਚ ਦਾਖ਼ਲ ਕਰਵਾ ਦਿੱਤਾ ਗਿਆ ਅਤੇ ਮੈਨੂੰ ਉਨ੍ਹਾਂ ਦਿਨਾਂ ਦੀ ਚੰਗੀ

ਤਰਾਂ ਯਾਦ ਹੈ। ਇਥੋਂ ਤੱਕ ਕਿ ਮੈਨੂੰ ਆਪਣੇ ਪੜ੍ਹਾਉਣ ਵਾਲੇ ਅਧਿਆਪਕਾਂ ਦੇ ਨਾਂ ਅਤੇ ਉਨ੍ਹਾਂ ਦੀਆਂ ਹੋਰ ਵਿਸ਼ੇਸ਼ਤਾਵਾਂ ਵੀ ਯਾਦ ਹਨ। ਇਥੇ ਮੇਰੀ ਪੜ੍ਹਾਈ ਸੰਬੰਧੀ ਕੋਈ ਵਿਸ਼ੇਸ਼ ਤੌਰ 'ਤੇ ਵਰਣਨਯੋਗ ਗੱਲ ਨਹੀਂ ਹੈ, ਉਹ ਲਗਭਗ ਪੋਰਬੰਦਰ ਵਾਂਗ ਹੀ ਸੀ। ਮੈਂ ਤਾਂ ਸਿਰਫ਼ ਸਾਧਾਰਣ ਮਾਮੂਲੀ ਵਿਦਿਆਰਥੀ ਸਾਂ। ਇਸ ਸਕੂਲ 'ਚੋਂ ਮੈਂ ਇਕ ਉਪ-ਨਗਰ ਦੇ ਸਕੂਲ ਵਿੱਚ ਗਿਆ ਅਤੇ ਉਥੋਂ ਹਾਈ-ਸਕੂਲ ਵਿੱਚ ਜਾ ਦਾਖ਼ਲ ਹੋਇਆ। ਉਦੋਂ ਤੱਕ ਮੈਂ ਬਾਰ੍ਹਾਂ ਵਰ੍ਹਿਆਂ ਦਾ ਹੋ ਚੁਕਿਆ ਸਾਂ। ਮੈਨੂੰ ਯਾਦ ਨਹੀਂ ਕਿ ਇਸ ਛੋਟੇ ਜਿਹੇ ਕਾਲ-ਵਕਫ਼ੇ ਦੇ ਦੌਰਾਨ, ਮੈਂ ਕਦੇ ਆਪਣੇ ਅਧਿਆਪਕਾਂ ਜਾਂ ਸਹਿਪਾਠੀਆਂ ਨਾਲ ਕੋਈ ਝੂਠ ਬੋਲਿਆ ਹੋਵੇ। ਮੈਂ ਬੜੇ ਸ਼ਰਮਾਕਲ ਸੁਭਾਅ ਵਾਲਾ ਸਾਂ ਅਤੇ ਦੂਸਰਿਆਂ ਦਾ ਸਾਥ ਮਾਣਨ ਤੋਂ ਪਰਹੇਜ਼ ਕਰਦਾ ਸਾਂ। ਇਸ ਸਥਿਤੀ ਵਿੱਚ ਮੇਰੀਆਂ ਕਿਤਾਬਾਂ ਤੇ ਮੇਰੇ ਪਾਠ ਹੀ ਮੇਰੇ ਇਕਲੌਤੇ ਸਾਥੀ ਹੋਇਆ ਕਰਦੇ ਸਨ। ਠੀਕ ਸਮੇਂ ਸਿਰ ਸਕੂਲ ਵਿੱਚ ਹਾਜ਼ਰ ਹੋਣਾ ਅਤੇ ਸਕੂਲ ਦੇ ਬੰਦ ਹੁੰਦਿਆਂ ਹੀ ਘਰ ਵਾਪਸ ਪਰਤ ਆਉਣਾ, ਇਹ ਮੇਰੀ ਰੋਜ਼ਾਨਾ ਦੀ ਆਦਤ ਸੀ। ਮੈਂ ਤਾਂ ਅਸਲ ਵਿੱਚ ਉਥੋਂ ਵਾਪਸ ਭੱਜਦਾ ਹੀ ਜਾਂਦਾ ਸਾਂ ਕਿਉਂਕਿ ਮੈਂ ਕਿਸੇ ਨਾਲ ਗੱਲਬਾਤ ਕਰਨ ਦੀ ਹਿੰਮਤ ਨਹੀਂ ਸੀ ਰੱਖਦਾ। ਮੈਨੂੰ ਤਾਂ ਅਕਸਰ ਇਸ ਗੱਲ ਦਾ ਡਰ ਰਹਿੰਦਾ ਸੀ ਕਿ ਕਿਤੇ ਕੋਈ ਮੇਰਾ ਮਜ਼ਾਕ ਨਾ ਉਡਾਏ।

ਇਕ ਘਟਨਾ ਐਸੀ ਹੈ ਜੋ ਮੇਰੇ ਹਾਈ ਸਕੂਲ ਦੇ ਪਹਿਲੇ ਵਰ੍ਹੇ ਦੇ ਇਮਤਿਹਾਨ ਦੇ ਦੌਰਾਨ ਘਟੀ, ਜੋ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ।



(Contd.)

ਸਿਖਿਆ ਨਰੀਖਿਅਕ ਸ੍ਰੀ ਜਾਇਲਸ, ਨਰੀਖਣ ਕਰਨ ਦੇ ਸਿਲਸਿਲੇ ਵਿੱਚ ਦੌਰੇ 'ਤੇ ਆਏ ਹੋਏ ਸਨ। ਉਨ੍ਹਾਂ ਨੇ ਸ਼ਬਦ-ਜੋੜ ਅਭਿਆਸ (spelling exercise) ਲਈ ਪੰਜ ਸ਼ਬਦ ਲਿਖਣ ਲਈ ਦਿੱਤੇ। ਇਨ੍ਹਾਂ ਵਿੱਚੋਂ ਇਕ ਸ਼ਬਦ ਸੀ 'Kettle'। ਮੈਂ ਉਸ ਦੇ ਸ਼ਬਦ-ਜੋੜ ਗ਼ਲਤ ਲਿਖੇ ਹੋਏ ਸਨ। ਮੇਰੇ ਅਧਿਆਪਕ ਨੇ ਆਪਣੇ ਜੁੱਤੇ ਦੀ ਮਦਦ ਨਾਲ, ਉਸ ਨੂੰ ਠੀਕ ਕਰਨ ਦੇ ਲਈ ਸੰਕੇਤ ਦੇਣ ਦਾ ਯਤਨ ਕੀਤਾ, ਪਰ ਮੈਂ ਇਹ ਸੰਕੇਤ ਗ੍ਰਹਿਣ ਕਰਨ ਦੇ ਹੱਕ ਵਿੱਚ ਨਹੀਂ ਸਾਂ। ਇਹ ਗੱਲ ਮੇਰੀ ਸਮਝ ਤੋਂ ਪਰ੍ਹਾਂ ਦੀ ਸੀ ਕਿ ਉਹ ਚਾਹੁੰਦੇ ਸਨ ਕਿ ਮੈਂ ਆਪਣੇ ਨਾਲ ਬੈਠੇ ਵਿਦਿਆਰਥੀ ਦੀ ਸਲੇਟ ਤੋਂ ਸ਼ਬਦ-ਜੋੜਾਂ ਦੀ ਨਕਲ ਕਰ ਲਵਾਂ। ਕਿਉਂਕਿ, ਮੈਂ ਸੋਚਦਾ ਸਾਂ ਕਿ ਅਧਿਆਪਕ, ਸਾਨੂੰ ਨਕਲ ਕਰਨ ਤੋਂ ਰੋਕਣ ਲਈ ਹੀ ਉਥੇ ਹਾਜ਼ਰ ਹੈ। ਨਤੀਜਾ ਇਹ ਨਿਕਲਿਆ ਕਿ ਮੇਰੇ ਤੋਂ ਛੁੱਟ, ਸਾਰੇ ਵਿਦਿਆਰਥੀਆਂ ਦੇ ਸਾਰੇ ਸ਼ਬਦ-ਜੋੜ ਠੀਕ ਨਿਕਲੇ। ਸਿਰਫ਼ ਮੈਂ ਹੀ ਬੇਵਾਕੂਫ਼ ਰਿਹਾ। ਮਗਰੋਂ, ਅਧਿਆਪਕ ਸਾਹਿਬ ਨੇ ਮੇਰੀ ਇਸ ਬੇਵਾਕੂਫ਼ੀ ਬਾਬਤ ਮੈਨੂੰ ਸਮਝਾਉਣ ਦਾ ਯਤਨ ਕੀਤਾ, ਪਰ ਉਸ ਦਾ ਮੇਰੇ ਉਪਰ ਕੋਈ ਅਸਰ ਨਾ ਹੋਇਆ। ਇਉਂ, ਮੈਂ ਕਦੇ ਵੀ 'ਨਕਲ ਕਰਨ ਦੀ ਕਲਾ' ਸਿਖ ਨਾ ਸਕਿਆ।

ਫਿਰ ਵੀ, ਇਸ ਘਟਨਾ ਨਾਲ ਮੇਰਾ ਆਪਣੇ ਅਧਿਆਪਕ ਦੇ ਪ੍ਰਤਿ ਸਤਕਾਰ ਨਿਰੰਤਰ ਬਣਿਆ ਰਿਹਾ। ਮੈਂ ਆਪਣੇ ਸੁਭਾਅ ਕਰਕੇ ਹੀ ਦੂਸਰਿਆਂ ਦੇ ਦੋਸ਼ਾਂ ਨੂੰ ਵੇਖਣ ਤੋਂ ਕਤਰਾਂਦਾ ਰਿਹਾ। ਅਗੇ ਚਲ ਕੇ ਮੈਨੂੰ ਆਪਣੇ ਇਸ ਅਧਿਆਪਕ ਦੀਆਂ ਕਈ ਹੋਰ ਕਮਜ਼ੋਰੀਆਂ ਬਾਰੇ ਵੀ ਪਤਾ ਚਲਿਆ, ਪਰ ਮੇਰਾ ਉਨ੍ਹਾਂ ਦੇ ਪ੍ਰਤਿ ਸਤਕਾਰ ਨਿਰੰਤਰ ਬਰਕਰਾਰ ਰਿਹਾ। ਇਸ ਦਾ ਵੱਡਾ ਕਾਰਨ ਸ਼ਾਇਦ ਇਹ ਸੀ ਕਿ ਮੈਂ ਵੱਡਿਆਂ ਦੇ ਹੁਕਮ ਦੀ ਪਾਲਨਾ ਕਰਨਾ ਸਿਖਿਆ ਸੀ, ਉਨ੍ਹਾਂ ਦੇ ਕੰਮਾਂ ਦਾ ਵਿਸ਼ਲੇਸ਼ਣ ਕਰਨਾ ਨਹੀਂ।



(Contd.)

ਇਸੇ ਸਮੇਂ ਨਾਲ ਸੰਬੰਧਤ ਜੁੜੀਆਂ ਹੋਈਆਂ ਦੋ ਹੋਰ ਘਟਨਾਵਾਂ ਵੀ, ਮੇਰੀ ਸਿਮ੍ਰਤੀ ਵਿੱਚ ਹਮੇਸ਼ਾਂ ਤਾਜ਼ਾ ਰਹੀਆਂ ਹਨ। ਸਕੂਲ ਵਿੱਚ ਲੱਗੀਆਂ ਹੋਈਆਂ ਪਾਠ-ਪੁਸਤਕਾਂ ਤੋਂ ਛੁੱਟ, ਹੋਰ ਪੁਸਤਕਾਂ ਨੂੰ ਪੜ੍ਹਣ ਵਿੱਚ, ਨੇਮ ਮੁਤਾਬਕ, ਮੇਰੀ ਰੁਚੀ ਬਿਲਕੁਲ ਨਹੀਂ ਸੀ। ਰੋਜਾਨਾ ਲਈ ਨਿਸ਼ਚਿਤ ਪੜ੍ਹਣ ਦਾ ਕੰਮ ਤਾਂ ਕਰਨਾ ਹੁੰਦਾ ਸੀ, ਕਿਉਂਕਿ ਮੈਨੂੰ ਅਧਿਆਪਕ ਦੁਆਰਾ ਦਿੱਤੀ ਜਾਣ ਵਾਲੀ ਸਜ਼ਾ ਉਤਨੀ ਹੀ ਨਾ-ਪਸੰਦ ਸੀ, ਜਿਤਨਾ ਕਿ ਉਸਨੂੰ ਧੋਖਾ ਦੇਣਾ। ਇਸ ਲਈ ਮੈਂ ਹਰ ਰੋਜ਼, ਬਿਨਾਂ ਮਨ ਮੰਨਿਆਂ ਵੀ, ਆਪਣਾ ਸਕੂਲ ਦਾ ਕੰਮ ਪੂਰਾ ਕਰ ਲੈਂਦਾ ਸਾਂ। ਇਉਂ, ਜਦੋਂ ਮੇਰਾ ਸਕੂਲ ਦਾ ਕੰਮ ਹੀ ਸਹੀ ਰੂਪ ਵਿੱਚ ਪੂਰਾ ਨਹੀਂ ਸੀ ਹੁੰਦਾ, ਅਜਿਹੀ ਸਥਿਤੀ ਵਿੱਚ ਕੁਝ ਹੋਰ ਪੜ੍ਹਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਪਰ ਕਿਸੇ ਤਰੀਕੇ ਨਾਲ, ਮੇਰੇ ਪਿਤਾ ਜੀ ਦੁਆਰਾ ਖਰੀਦੀ ਹੋਈ ਇੱਕ ਕਿਤਾਬ ਉਪਰ ਮੇਰੀ ਨਜ਼ਰ ਪੈ ਹੀ ਗਈ। ਇਸ ਦਾ ਸਿਰਲੇਖ ਸੀ 'ਸ਼ਰਵਣ ਪਿਤ੍ਰਭਗਤੀ ਨਾਟਕ' (ਸ਼ਰਵਣ ਦਾ ਆਪਣੇ ਮਾਤਾ-ਪਿਤਾ ਦੇ ਪ੍ਰਤਿ ਭਗਤੀ-ਭਾਵ ਦੇ ਵਿਸ਼ੇ ਨਾਲ ਸੰਬੰਧਤ ਨਾਟਕ)। ਮੈਂ ਉਸ ਕਿਰਤ ਨੂੰ, ਮਨ ਲਾ ਕੇ ਡੂੰਘੀ ਤਰ੍ਹਾਂ ਪੜ੍ਹਿਆ। ਉਨ੍ਹੀਂ ਦਿਨੀਂ ਕੁਝ ਘੁਮੱਕੜ ਕਲਾਕਾਰ ਉਥੇ ਆਏ। ਜਿਹੜੀਆਂ ਤਸਵੀਰਾਂ ਉਨ੍ਹਾਂ ਨੇ ਮੈਨੂੰ ਵਿਖਾਈਆਂ, ਉਨ੍ਹਾਂ ਵਿੱਚੋਂ ਇਕ ਚਿੱਤਰ ਸ਼ਰਵਣ ਦਾ ਸੀ ਜੋ ਆਪਣੇ ਮੋਢਿਆਂ 'ਤੇ ਪਈ ਹੋਈ ਝੋਲੀ ਦੀ ਸਹਾਇਤਾ ਨਾਲ, ਆਪਣੇ ਅੰਨ੍ਹੇ ਮਾਪਿਆਂ ਨੂੰ ਤੀਰਥ-ਯਾਤਰਾ 'ਤੇ ਲਿਜਾ ਰਹੇ ਸਨ। ਉਸ ਕਿਤਾਬ ਤੇ ਉਸ ਚਿੱਤਰ ਨੇ, ਮੇਰੇ ਮਨ ਉਪਰ ਇਕ ਅਮਿੱਟ ਛਾਪ ਛੱਡੀ। ਮੈਂ ਆਪਣੇ ਆਪ ਨੂੰ ਕਿਹਾ "ਇਹ ਇਕ ਐਸੀ ਮਿਸਾਲ ਹੈ ਜਿਸ ਦੀ ਤੈਨੂੰ ਨਕਲ ਕਰਨੀ ਚਾਹੀਦੀ ਹੈ।" ਸ਼ਰਵਣ ਦੀ ਮੌਤ 'ਤੇ, ਉਸਦੇ ਮਾਪਿਆਂ ਦੀ ਪਰਗਟ ਕੀਤੀ ਕਰੁਣਾ ਤੇ ਰੁਦਨ, ਅੱਜ ਵੀ ਮੇਰੀ ਸਿਮਰਤੀ ਵਿੱਚ ਤਾਜ਼ਾ ਹੈ। ਪਿਘਲਾ ਦੇਣ ਵਾਲੀ ਉਸ ਦੀ ਧੁਨ ਨੇ, ਮੈਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕੀਤਾ ਅਤੇ ਉਸ ਧੁਨ ਨੂੰ ਮੈਂ, ਆਪਣੇ ਪਿਤਾ ਜੀ ਦੁਆਰਾ ਮੇਰੇ ਲਈ ਖਰੀਦੇ ਗਏ ਵਾਜੇ 'ਤੇ ਵਜਾਇਆ।"



(Contd.)

4. ਹੇਠ ਲਿਖੇ ਪੈਰ੍ਹੇ ਦਾ ਪੰਜਾਬੀ ਵਿੱਚ ਅਨੁਵਾਦ ਕਰੋ :— 20

Tulasidas's imagery covers a vast range. No poet of medieval period — not even his great contemporary Surdas— can vie with Tulasidas in respect of the infinite variety of imagery employed by him. He has collected his images from peasant life, court life, priestly environments, rural and civic life, philosophical treatises, literary classics, mythological works and folk literature. His poetry is a vast gallery of all kinds of images ranging from exquisite miniature paintings to large frescoes. Normally he likes simple and integrated images, but is quite capable of creating complex imagery as well. What he seems to abhor is a truncated image of which we can hardly search out a single example. His whole poetic creation is an endless endeavour to give a concrete tangible form to the abstract — to impart physical charms and mental qualities of human personality to an absolute concept. Actually the very conception of Personified Godhood is a grand exercise in image-making. In this context, what is of special relevance to the modern reader in Tulasidas's art is his unconventional approach to literary-cultural tradition and religion. A number of poets in other Indian languages have also produced great literature in this regard, but Tulasi appears to have surpassed them all.



(Contd.)

5. ਹੇਠ ਲਿਖੇ ਪੈਰ੍ਹੇ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰੋ :— 20

"ਇਹ ਸਾਧਾਰਣ ਗਿਆਨ ਵਾਲੀ ਗੱਲ ਹੈ ਕਿ ਸਿਰਜਣਾ, ਵਿਕਾਸ ਤੇ ਸੁਰੱਖਿਆ, ਕੁਦਰਤ ਉਪਰ ਨਿਰਭਰ ਕਰਦੀ ਹੈ ਅਤੇ ਕੁਦਰਤ ਦੀ ਸੁਰੱਖ੍ਹਿਆ ਤੇ ਸਿਰਜਣਾ ਵਿੱਚ ਪੇੜਾਂ, ਜੰਗਲਾਂ, ਵੇਲਾਂ, ਝਾੜਾਂ-ਝਾੜੀਆਂ ਦਾ ਵੱਡਾ ਮਹੱਤਵ ਹੁੰਦਾ ਹੈ। ਅਸਲ ਵਿੱਚ, ਮਨੁੱਖ ਦੀ ਹੋਂਦ ਹੀ ਪੇੜਾਂ ਤੇ ਜੰਗਲਾਂ ਉਪਰ ਟਿਕੀ ਹੁੰਦੀ ਹੈ। ਪੇੜ ਹੀ ਵਧੇਰੇ ਕਰਕੇ, ਮਿੱਟੀ ਦੇ ਰੱਖਿਅਕ ਹੁੰਦੇ ਹਨ। ਉਹ ਪਹਾੜਾਂ ਦੇ ਝੜਣ ਨੂੰ ਰੋਕਣ ਅਤੇ ਉਨ੍ਹਾਂ ਨੂੰ ਸਥਿਰ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਜੰਗਲ, ਪੰਛੀਆਂ ਤੇ ਪਸ਼ੂਆਂ ਦੀ ਰੱਖਿਆ ਕਰਦੇ ਹਨ ਅਤੇ ਉਨ੍ਹਾਂ ਸਦਕਾ ਹੀ ਸਾਡੇ ਆਲੇ-ਦੁਆਲੇ ਦਾ ਬਚਣਾ ਸੰਭਵ ਹੁੰਦਾ ਹੈ। ਮੀਂਹ ਦਾ ਕਾਰਨ ਵੀ ਉਹੀ ਬਣਦੇ ਹਨ। ਜਿਥੇ ਪੇੜ ਵਧੇਰੇ ਹੁੰਦੇ ਹਨ ਉਥੇ ਮੀਂਹ ਵੀ ਵਧੇਰੇ ਪੈਂਦਾ ਹੈ, ਪਰ ਮਾਰੂਥਲ ਮੀਂਹ ਲਈ ਤਰਸਦਾ ਰਹਿੰਦਾ ਹੈ। ਮੀਂਹ ਕਰਕੇ ਹੀ ਅੰਨ ਦਾ ਉਤਪਾਦਨ ਸੰਭਵ ਹੁੰਦਾ ਹੈ ਅਤੇ ਅੰਨ ਕਰਕੇ ਮਨੁੱਖ ਜੀਊਂਦਾ ਰਹਿੰਦਾ ਹੈ। ਅਨੇਕਾਂ ਪੇੜਾਂ ਦੀਆਂ ਪੱਤੀਆਂ ਨੂੰ, ਘਾਹ ਦੇ ਰੂਪ ਵਿੱਚ ਖਾ ਕੇ ਪਸ਼ੂ ਜੀਊਂਦੇ ਰਹਿੰਦੇ ਹਨ। ਪੇੜਾਂ ਤੋਂ ਹੀ ਸਾਨੂੰ ਬਾਲਣ ਅਤੇ ਭਵਨ-ਨਿਰਮਾਣ ਲਈ ਲੱਕੜ ਉਪਲਬਧ ਹੁੰਦੀ ਹੈ। ਰੇਲ, ਹਵਾਈ ਜਹਾਜ਼, ਸਮੁੰਦਰੀ ਜਹਾਜ਼ ਆਦਿ ਅਨੇਕਾਂ ਸਾਧਨਾਂ ਦੇ ਨਿਰਮਾਣ ਵਿੱਚ, ਪੇੜਾਂ ਤੋਂ ਪ੍ਰਾਪਤ ਹੋਣ ਵਾਲੀ ਲੱਕੜ ਦਾ ਹੀ ਪ੍ਰਯੋਗ ਹੁੰਦਾ ਹੈ। ਤਰ੍ਹਾਂ ਤਰ੍ਹਾਂ ਦੀਆਂ ਦਵਾਈਆਂ, ਗੋਂਦ, ਕਾਗਜ਼, ਮਾਚਸ ਦੀ ਤੀਲੀ, ਕਈ ਤਰ੍ਹਾਂ ਦੇ ਤੇਲ, ਕਈ ਤਰ੍ਹਾਂ ਦੇ ਸਵਾਦੀ ਤੇ ਪੋਸ਼ਟਿਕ ਫ਼ਲਾਂ ਦੇ ਸਰੋਤ ਪੇੜ ਹੀ ਹਨ। ਪੇੜਾਂ ਦੀ ਠੰਡੀ ਛਾਂ, ਸਾਨੂੰ ਗਰਮੀ ਤੋਂ ਬਚਾਉਂਦੀ ਹੈ। ਇਨ੍ਹਾਂ ਦੇ ਫੁੱਲਾਂ ਦੀ ਸੁਗੰਧ, ਸਾਡੇ ਮਨ-ਮਸਤਕ ਨੂੰ ਤਾਜ਼ਗੀ ਮੁਹੱਈਆ ਕਰਦੀ ਹੈ।"



(Contd.)

6. (ੳ) ਹੇਠ ਲਿਖੇ ਸ਼ਬਦਾਂ ਵਿੱਚੋਂ ਸਿਰਫ਼ ਪੰਜ ਦੇ ਸ਼ਬਦ-ਜੋੜ ਸ਼ੁੱਧ ਕਰਕੇ ਲਿਖੋ :— 5×2=10

(i) ਬਾਹਿਗੁਰੂ

(ii) ਭੜਾਈ

(iii) ਜ਼ਾਦਾ

(iv) ਮੋਹਲਾ

(v) ਸਨੈਹਰੀ

(vi) ਗੈਹਣਾ

(vii) ਪੈਹਲਾਂ

(ਅ) ਹੇਠ ਲਿਖਿਆਂ ਵਿੱਚੋਂ ਕੇਵਲ ਪੰਜ ਅਖਾਣਾਂ-ਮੁਹਾਵਰਿਆਂ ਦੇ ਅਰਥ ਦਸ ਕੇ, ਉਨ੍ਹਾਂ ਨੂੰ ਵਾਕਾਂ ਵਿੱਚ ਵਰਤੋ :— 5×4=20

(i) ਆਈ-ਚਲਾਈ ਕਰਨੀ।

(ii) ਗਲ ਪਿਆ ਢੋਲ ਵਜਾਉਣਾ।

(iii) ਹੱਥ ਕੰਗਣ ਨੂੰ ਆਰਸੀ ਕੀ ?

(iv) ਸਾਈਆਂ ਕਿਤੇ ਵਧਾਈਆਂ ਕਿਤੇ।

(v) ਇਕ ਅਨਾਰ ਸੌ ਬੀਮਾਰ।

(vi) ਖੰਡ-ਖੀਰ ਹੋਣਾ।

(vii) ਸ਼ਕਲ ਮੋਮਨਾਂ, ਕਰਤੂਤ ਕਾਫ਼ਰਾਂ।

(ੲ) ਹੇਠ ਲਿਖਿਆਂ ਵਿਚੋਂ ਕੇਵਲ ਪੰਜ ਲਈ ਇਕ-ਇਕ ਸ਼ਬਦ ਦੀ ਵਰਤੋਂ ਕਰੋ :— 5×2=10

(i) ਜਿਸ ਨੂੰ ਸਹਾਰਿਆ ਨਾ ਜਾ ਸਕੇ।

(ii) ਉਹ ਕਿਤਾਬ, ਜਿਸ ਵਿੱਚ ਲੇਖਕ ਵੱਲੋਂ ਉਸਦੀ ਆਪਣੀ ਜੀਵਨੀ ਲਿਖੀ ਹੋਵੇ।

(iii) ਜੋ ਮਿੱਟੀ ਦੇ ਭਾਂਡੇ ਬਣਾ ਕੇ ਵੇਚੇ।

(iv) ਆਪਣਾ ਉੱਲੂ ਸਿੱਧਾ ਕਰਨ ਵਾਲਾ।

(v) ਲੜਾਈ ਵਿੱਚ ਨਿਡਰਤਾ ਨਾਲ ਲੜਣ ਵਾਲਾ।

(vi) ਜਿਹੜਾ ਸਮਾਜ ਵਿੱਚ ਹਰ ਤਰ੍ਹਾਂ ਦੀ ਬਰਾਬਰੀ ਚਾਹਵੇ।

(vii) ਉਹ ਪਾਠ, ਜੋ ਆਰੰਭ ਤੋਂ ਲੈ ਕੇ ਅੰਤ ਤੀਕ ਅਰੁੱਕ ਕੀਤਾ ਜਾਏ।

Sr. No. 

**F–DTN–L–SAD–P**

अपना अनुक्रमांक इन पत्रकों पर न लिखें

DO NOT WRITE YOUR ROLL NO. ON THESE SHEETS

# PUNJABI
# (Compulsory)

सार लेखन के लिए विशेष पत्रक

**SPECIAL SHEETS FOR PRECIS**

इस पत्रक के दोनों ओर लिखिए। प्रत्येक खण्ड में एक शब्द और प्रत्येक पंक्ति में पांच शब्द लिखिए। अपने उद्धरण में सामान्य रूप से विराम आदि चिन्ह लगाइए और यदि आवश्यक हो तो प्रत्येक पैराग्राफ के अन्त में एक पंक्ति खाली छोड़ते हुए इसे पैराग्राफों में विभक्त कीजिए। यदि चाहें तो उत्तर-पुस्तिका के साधारण कागज पर पहले एक कच्चा प्रारूप तैयार कर सकते हैं। अपनी उत्तर-पुस्तिका दे देने से पहले कच्चे कार्य को आर-पार पंक्ति डालकर काट दिया जाना चाहिए। आप सारपत्रक को अपनी उत्तर-पुस्तिका के अन्दर सुरक्षित रूप से बांध दीजिए।

**Use both sides of this sheet. Write one word in each division and five words in each line. Punctuate your passage in the usual way and divide it into paragraphs, if necessary, leaving a line blank at the end of each paragraph. You may make a rough copy first, if you so wish, on ordinary paper in the answer-book. The rough work should be scored through before you hand over your answer-book. You should fasten the precis sheet securely inside your answer-book.**

| शीर्षक Title | | | | | इस हाशिए में न लिखें Do not write on this margin |
|---|---|---|---|---|---|
| | | | | | 10 |
| | | | | | |
| | | | | | 20 |
| | | | | | |
| | | | | | 30 |
| | | | | | |
| | | | | | 40 |
| | | | | | |
| | | | | | 50 |
| | | | | | |
| | | | | | 60 |
| | | | | | |

| | | | | | |
|---|---|---|---|---|---|
| | | | | | 70 |
| | | | | | 80 |
| | | | | | 90 |
| | | | | | 100 |
| | | | | | 110 |
| | | | | | 120 |
| | | | | | 130 |
| | | | | | 140 |
| | | | | | 150 |
| | | | | | 160 |
| | | | | | 170 |
| | | | | | 180 |

| | | | | | |
|---|---|---|---|---|---|
| | | | | | 190 |
| | | | | | 200 |
| | | | | | 210 |
| | | | | | 220 |
| | | | | | 230 |
| | | | | | 240 |
| | | | | | 250 |
| | | | | | 260 |
| | | | | | 270 |
| | | | | | 280 |
| | | | | | 290 |
| | | | | | 300 |